
UGC Approved

ISSN : 2456 - 253X

ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

# ਆਬਰੂ

ਜਨਵਰੀ-ਮਾਰਚ 2022



ਮੁੱਲ : 100 ਰੁਪਏ

Scanned with OKEN Scanner

RNI : JKPUN/2002/6333 UGC Care List ISSN : 2456 - 253X

## ਮਨੁੱਖੀ ਕਦਰਾਂ ਦਾ ਰਚਨਾਤਮਕ ਸਫ਼ਰ

*(A Creative Journey of Human Values)*

# ਆਬਰੂ

ਸਾਲ : 21 ਅੰਕ : 1 - 3
ਜਨਵਰੀ-ਮਾਰਚ 2022

ਸੰਪਾਦਕ
ਬਲਜੀਤ ਸਿੰਘ ਰੈਨਾ
ਮੋਬਾ : 97976-57211
ਸੰਪਾਦਕ ਮੰਡਲ
ਡਾ. ਮੋਨੋਜੀਤ
ਮੋਬਾ : 94191-39906
ਦੇਵਿੰਦਰ ਸਿੰਘ ਵਿਸ਼ਵਨਾਗਰਿਕ
ਮੋਬਾ : 95966-52796
ਜੰਗ ਐਸ. ਵਰਮਨ
ਮੋਬਾ : 94192-10834
ਸਹਾਇਕ ਸੰਪਾਦਕ
ਸੁਰਿੰਦਰ ਨੀਰ*
ਮੋਬਾ : 96220-06304
ਰਾਜਵੀਰ ਸਿੰਘ
ਮੋਬਾ : 84920-05225
ਗੁਰਪ੍ਰੀਤ ਕੌਰ
ਮੋਬਾ : 99060-03940
ਸਲਾਹਕਾਰ
ਡਾ. ਪ੍ਰੀਤਮ ਸਿੰਘ
ਕਨੇਡਾ ਪ੍ਰਤੀਨਿਧ
ਡਾ. ਅਰਵਿੰਦਰ ਕੌਰ
ਮੋਬਾ : +1 416-450-0554
ਈਮੇਲ : baljeetraina58@gmail.com

ਮੁੱਲ : ਇਕ ਕਾਪੀ 100 ਰੁਪਏ
ਡਾਕ ਦੁਆਰਾ 125 ਰੁਪਏ

| | | |
|---|---|---|
| ਦੇਸ਼ ਸਲਾਨਾ | : | 400 ਰੁਪਏ |
| ਡਾਕ ਦੁਆਰਾ | : | 500 ਰੁਪਏ |
| ਜੀਵਨਸਾਥ | : | 5000 ਰੁਪਏ |
| ਵਿਦੇਸ਼ ਸਲਾਨਾ | : | 30 ਡਾਲਰ, 15 ਪੌਂਡ |
| ਜੀਵਨ ਸਾਥ | : | 500 ਡਾਲਰ, 250 ਪੌਂਡ |

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਦਾ ਹਲ ਜੰਮੂ ਵਿਖੇ ਹੀ ਹੋਵੇਗਾ।

* ਆਨਰੇਰੀ

## ਤਰਤੀਬ

ਸੰਪਾਦਕੀ : ਵਾਇਰਸ ਆਇਆ... ਸਿਰਜਕਾਂ ਨੇ ਕੀ ਖੋਇਆ ?.../ਜੰਗ ਐਸ. ਵਰਮਨ/2
ਕਹਾਣੀਆਂ : ਤਰਦੇ ਪੱਥਰ/ਕੁਲਜੀਤ ਮਾਨ/3
: ਘੜੀ ਦੀਆਂ ਸੂਈਆਂ'ਚ ਉੱਲਝੀਆਂ ਅੱਖਾਂ/ਸਰਨਜੀਤ ਕੌਰ ਅਨਹਦ/10
: ਸੰਵਾਦ/9/ਮੂੰਹ ਕਿਹੜੀ ਵੱਲ ?/94/ਜੰਗ ਐਸ. ਵਰਮਨ
ਕਵਿਤਾਵਾਂ : ਮੇਰੀਆਂ ਕੁਝ ਕਵਿਤਾਵਾਂ.../ਡਾ. ਮੋਨੋਜੀਤ/15
ਖੋਜ ਪੱਤਰ : ਸ਼ਬਦ-ਯੋਗ : ਸ਼ਬਦ ਦੇ ਸੁਰਾਂ ਤੇ ਸ਼ੇਡਜ਼ ਦੀ ਬਿੰਬਕਾਰੀ ਦਾ ਕਾਵਿ/ਮਨਮੋਹਨ/17
: ਪਰਵਾਸੀ ਮਨੁੱਖ ਦੇ ਵਿਸਥਾਪਨ ਦਾ ਪ੍ਰਵਚਨ (ਨਾਵਲ ਅਜਨਬੀ ਚਿਹਰੇ ਦੇ ਪਰਿਪੇਖ 'ਤੋਂ)/ਡਾ. ਮਨੀਸ਼ਾ ਬੱਤਰਾ/22
: ਬੌਰੀਆ ਕਬੀਲੇ ਦੀਆਂ ਵਿਆਹ ਰਸਮਾਂ ਦੀ ਸਭਿਆਚਾਰਕ ਵਿਲੱਖਣਤਾ/ਡਾ. ਮਨਜੀਤ ਕੌਰ/28
: ਆਧੁਨਿਕ ਪੰਜਾਬੀ ਕਾਵਿ-ਨਾਰੀਵਾਦੀ ਚਿੰਤਨ ਦੇ ਸੰਦਰਭ ਵਿੱਚ/ਡਾ. ਲਖਵਿੰਦਰ ਕੌਰ/30
: ਪੰਜਾਬੀ ਕਹਾਣੀ ਸਿਰਜਣਾਤਮਕ ਬਿਰਤਾਂਤ.../ਮਨਪ੍ਰੀਤ ਕੌਰ/34
: "ਵਿਦਿਆਰਥੀਆਂ ਵਿੱਚ ਸਮਾਜਿਕ ਕਦਰਾਂ-ਕੀਮਤਾਂ ਦੇ ਪ੍ਰਸਾਰ ਵਿੱਚ ਮਾਪਿਆਂ,.../ਕੁਲਜਿੰਦਰ ਸਿੰਘ/37
: ਨਾਟਕ ਕਥਾ ਰੁੱਖਾਂ ਤੇ ਕੁੱਖਾਂ ਦੀ : ਵਿਭਿੰਨ ਸ਼ੈਲੀਆਂ/ਦੇਵੀ/42
: ਵਿਵਹਾਰਵਾਦੀ ਮਨੋਵਿਗਿਆਨਿਕ ਸੰਪਰਦਾਏ—ਇੱਕ ਅਧਿਐਨ/ਰਾਜਵੀਰ ਸਿੰਘ/45
: ਹਰਜੀਤ ਅਟਵਾਲ ਦੇ ਨਾਵਲਾਂ ਵਿੱਚ.../ਬਿਕਰਮਜੀਤ ਸਿੰਘ/48
: ਪਰਗਟ ਸਤੌਜ ਦੇ ਨਾਵਲ : ਸਮਾਜਿਕ ਯਥਾਰਥ ਦਾ ਕੈਨਵਸ/ਕਿਰਨਜੋਤ/51
: ਬਲਦੇਵ ਸਿੰਘ ਦੁਆਰਾ ਰਚਿਤ ਨਾਵਲ.../ਰਜਿੰਦਰ ਸਿੰਘ/55
: ਦਵਿੰਦਰ ਦਮਨ ਦੇ ਨਾਟਕੀ ਸਰੋਕਾਰ.../ਬਲਜੀਤ ਕੌਰ/59
: ਪੰਜਾਬੀ ਨਾਵਲ ਵਿੱਚ ਯਥਾਰਥ ਚਿਤਰਨ/ਡਾ. ਹੰਸਪ੍ਰੀਤ ਕੌਰ/62
: ਗੁਰਬਚਨ ਸਿੰਘ ਭੁੱਲਰ ਦੀ ਕਹਾਣੀ-ਸਿਰਜਨਾ.../ਰਜਿੰਦਰ ਸਿੰਘ/65
: ਤਾਹਿਰਾ ਸਰਾ ਦਾ ਕਾਵਿ ਸੰਗ੍ਰਹਿ ਸ਼ੀਸ਼ਾ.../ਗੁਰਪ੍ਰੀਤ ਸਿੰਘ/69
: 'ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਪੰਜਾਬੀ ਗ਼ਜ਼ਲ.../ਜਗਪ੍ਰੀਤ ਕੌਰ/7
: ਹੱਦ ਤੋਂ ਪਰੇ : ਇਕ ਅਧਿਐਨ/ਡਾ. ਸੁਖਵਿੰਦਰ ਕੌਰ/78
: ਗੁਰੂ ਨਾਨਕ ਬਾਣੀ ਦਾ ਕਰਮ ਸਿਧਾਂਤ.../ਡਾ. ਤਰਵਿੰਦਰ ਕੌਰ/82
: ਅਲਥਿਊਸਰ ਦਾ ਵਿਚਾਰਧਾਰਾ ਦਾ ਸੰਕਲਪ/ਮਨਪ੍ਰੀਤ ਕੌਰ/86
: ਨਾਟਕ 'ਬੈਂਕ' : ਸਮਾਜ-ਸ਼ਾਸਤਰੀ ਅਧਿਐਨ/ਕੰਵਲਇੰਦਰ ਕੌਰ/91
: ਪੰਜਾਬ ਵਿਚਲੀ ਸੇਮ (Water Logging).../ਮਨਦੀਪ ਸਿੰਘ/95
ਸਮੀਖਿਆ : ਖਿੱਦੋ/ਜਸਬੀਰ ਭੁੱਲਰ ਲਾਲਸਾਵਾਂ ਦੀ ਕੋਝੀ ਤਸਵੀਰ/ਡਾ. ਜਸਵਿੰ ਕੌਰ ਬਿੰਦਰਾ/99

ਛਾਪਕ, ਪ੍ਰਕਾਸ਼ਕ ਅਤੇ ਮਾਲਕ ਗੁਰਮੁਖ ਸਿੰਘ ਨੇ ਕਲਾਸਿਕ ਪ੍ਰਿੰਟਰਜ਼, ਬੜੀ ਬ੍ਰਾਹਮਣਾ ਤੋਂ ਛਪਵਾ ਕੇ 'ਦਫ਼ਤਰ ਆਬਰੂ' ਮਕਾਨ ਨੰਬਰ-5, ਕੁੰਜਵਾਨੀ ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ 180010 ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ: ਬਲਜੀਤ ਸਿੰਘ ਰੈਨਾ

**Printer, Publisher, and Owner Gurmukh Singh Printed it at M/S Classic Printers, Bari Brahmana an Published at Aabru office, H.No.5, Kunjwani, Behind Shaheed Filling Station Jammu-180010. Edito Baljeet Singh Raina**

Scanned with OKEN Scanner

ਖੋਜ ਪੱਤਰ

# ਵਿਵਹਾਰਵਾਦੀ ਮਨੋਵਿਗਿਆਨਿਕ ਸੰਪਰਦਾਏ— ਇੱਕ ਅਧਿਐਨ



— ਰਾਜਵੀਰ ਸਿੰਘ/ਗਾਈਡ : ਡਾ. ਬਲਜੀਤ ਕੌਰ —

ਮਨੋਵਿਗਿਆਨ ਦੇ ਇਤਿਹਾਸ ਨੂੰ ਵੇਖਕੇ ਉਸਦਾ ਵਿਕਾਸ ਸਪਸ਼ਟ ਹੁੰਦਾ ਹੈ ਜਿਸਦੇ ਫਲਸਰੂਪ ਮਨੋਵਿਗਿਆਨ ਇਕ ਸੁਤੰਤਰ ਸ਼ਾਸਤਰ ਦੇ ਰੂਪ ਵਿਚ ਵਿਕਸਿਤ ਹੋਇਆ ਹੈ। ਇਸਦਾ ਨਤੀਜਾ ਇਹ ਹੋਇਆ ਕਿ ਮਨੋਵਿਗਿਆਨ ਦੀ ਪਰਿਭਾਸ਼ਾ, ਸਰੂਪ ਸਿਧਾਂਤ ਆਦਿ ਵਿਸ਼ਿਆਂ ਉੱਤੇ ਵਿਚਾਰਕਾਂ ਵਿਚ ਆਪਸੀ ਮਤਭੇਦ ਪੈਣਾ ਸ਼ੁਰੂ ਹੋ ਗਏ, ਜਿਸਦੇ ਸਿੱਟੇ ਵਜੋਂ ਅਨੇਕ ਮਨੋਵਿਗਿਆਨਕ ਸੰਪ੍ਰਦਾਵਾਂ ਹੋਂਦ ਵਿਚ ਆਈਆਂ "ਮਨੋਵਿਗਿਆਨਕਾਂ ਦਾ ਉਹ ਸਮੂਹ ਜੋ ਵਿਸ਼ਾ ਵਸਤੂ, ਅਧਿਐਨ ਵਿਧੀ ਅਤੇ ਮਨੋਵਿਗਿਆਨਕ ਘਟਨਾਵਾਂ ਦੇ ਬਾਰੇ ਵਿਚ ਲਗਭਗ ਇਕ ਸਮਾਨ ਵਿਚਾਰ ਪੇਸ਼ ਕਰਦਾ ਹੈ ਅਤੇ ਦੂਜੀ ਵਿਚਾਰਧਾਰਾ ਦਾ ਵਿਰੋਧ ਵੀ ਸਮੂਹਿਕ ਰੂਪ ਵਿਚ ਕਰਦਾ ਹੈ, ਉਸ ਮਨੋਵਿਗਿਆਨਕ ਸਮੂਹ ਨੂੰ ਇਕ ਸੰਪ੍ਰਦਾਅ ਦੇ ਅੰਤਰਗਤ ਮੰਨਿਆ ਜਾਂਦਾ ਹੈ।"[1]

"ਕਿਸੇ ਮਨੋਵਿਗਿਆਨਕ ਘਟਨਾ ਦਾ ਵਿਸ਼ਲੇਸ਼ਣ ਕਰਦੇ ਹੋਏ ਸਾਡਾ ਧਿਆਨ ਸੰਬੰਧਿਤ ਮਨੋਵਿਗਿਆਨਕਾਂ ਉੱਤੇ ਘੱਟ ਅਤੇ ਉਨ੍ਹਾਂ ਦੇ ਵਿਚਾਰਾਂ ਉੱਤੇ ਜ਼ਿਆਦਾ ਹੁੰਦਾ ਹੈ ਉਸ ਵੇਲੇ ਉਸਨੂੰ ਸੰਪ੍ਰਦਾਅ ਕਿਹਾ ਜਾਂਦਾ ਹੈ।"[2] ਮਨੋਵਿਗਿਆਨ ਦੇ ਸੰਪ੍ਰਦਾਏ ਵਿਚ ਅਧਿਐਨ ਦੀ ਵਿਸ਼ਾ ਵਸਤੂ, ਮਨ ਅਤੇ ਸ਼ਰੀਰ ਸਮੱਸਿਆ ਅਤੇ ਅਧਿਐਨ ਵਿਧੀ ਦੀ ਵਿਆਖਿਆ ਕੀਤੀ ਜਾਂਦੀ ਹੈ। ਮਨੋਵਿਗਿਆਨ ਵਿਚ ਕਈ ਸੰਪ੍ਰਦਾਵਾਂ ਹਨ ਜਿਨ੍ਹਾਂ ਨੇ ਆਪਣੀਆਂ ਵਿਚਾਰਧਾਰਾਵਾਂ ਰਾਹੀਂ ਮਨੋਵਿਗਿਆਨ ਨੂੰ ਵਿਕਸਿਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ। ਇਹਨਾਂ ਸੰਪਰਦਾਵਾਂ ਵਿਚੋਂ ਹੀ ਇੱਕ ਸੰਪਰਦਾ ਹੈ "ਵਿਵਹਾਰਵਾਦੀ ਸੰਪਰਦਾ" ਜਿਸਦਾ ਅਧਿਐਨ ਅਸੀਂ ਇਸ ਪਰਚੇ 'ਚ ਕਰਨ ਜਾ ਰਹੇ ਹਾਂ।

"ਪ੍ਰਯੋਗਾਤਮਕ ਮਨੋਵਿਗਿਆਨ ਦੀ ਸਥਾਪਨਾ ਵਿਲਹੇਮ ਵੁੰਟ ਵਲੋਂ ਉਨੀਵੀਂ ਸਦੀ ਦੇ ਅੰਤ ਵਿਚ ਕੀਤੀ ਗਈ। ਇਸ ਸਦੀ ਦੇ ਖਤਮ ਹੋਣ ਤੱਕ ਕਈ ਮਨੋਵਿਗਿਆਨਕਾਂ ਨੇ ਇਸਦੇ ਖਿਲਾਫ ਆਵਾਜ਼ ਬੁਲੰਦ ਕੀਤੀ। ਕੋਲੰਬੀਆ ਵਿਚ ਪ੍ਰਕਾਰਜਵਾਦੀ ਵਿਚਾਰਧਾਰਾ ਮਜ਼ਬੂਤ ਹੋਈ। ਸ਼ਿਕਾਗੋ ਵਿਸ਼ਵਵਿਦਿਆਲਾ ਵਿਚ ਵਾਟਸਨ ਨੇ ਪ੍ਰਕਾਰਜਵਾਦ ਤੇ ਸੰਰਚਨਾਵਾਦ ਦੋਨਾਂ ਦਾ ਵਿਰੋਧ ਕਰਦੇ ਹੋਏ ਇਕ ਨਵੇਂ ਸੰਪ੍ਰਦਾਏ ਦੀ ਸਥਾਪਨਾ ਕੀਤੀ ਜਿਹੜਾ ਵਿਗਿਆਨ ਦੀ ਕਸਵੱਟੀ ਉੱਤੇ ਟਿਕਿਆ ਸੀ। ਇਸਦੀ ਸਥਾਪਨਾ ਪਹਿਲੇ ਵਿਸ਼ਵ ਯੁੱਧ ਤੋਂ ਕੁਝ ਹੀ ਪਹਿਲਾਂ 1913 ਵਿਚ ਕੀਤੀ ਗਈ।"[3]

ਜਲਦੀ ਹੀ ਇਹ ਸੰਪ੍ਰਦਾਏ ਅਮਰੀਕਾ ਦਾ ਸਭ ਤੋਂ ਵੱਧ ਕਾਰਜਸ਼ੀਲ ਅਤੇ ਵਿਵਾਦਿਤ ਸੰਪ੍ਰਦਾਏ ਮੰਨਿਆ ਜਾਣ ਲਗਾ। ਵਿਵਹਾਰਵਾਦ 1920 ਤੋਂ 1970 ਤੱਕ ਅਤਿਅੰਤ ਪ੍ਰਭਾਵਸ਼ਾਲੀ ਰਿਹਾ। ਮਾਰਕਸ ਅਤੇ ਹੀਗਿਲ (1987) ਦਾ ਕਹਿਣਾ ਹੈ ਕਿ, "ਮਨੋਵਿਗਿਆਨ ਨੂੰ ਮਜ਼ਬੂਤੀ ਦੇਣ ਵਿਚ ਮਨੋਵਿਸ਼ਲੇਸ਼ਣ ਦਾ ਪਹਿਲਾ ਅਤੇ ਵਿਵਹਾਰਵਾਦ ਦਾ ਦੂਜਾ ਥਾਂ ਸੀ।"[4] ਵਿਵਹਾਰਵਾਦ ਨੂੰ ਵਾਟਸਨ ਸ਼ੁੱਧ ਵਿਗਿਆਨ ਦਾ ਰੂਪ ਦੇਣਾ ਚਾਹੁੰਦਾ ਸੀ। ਇਸ ਸੰਪ੍ਰਦਾਇ ਦਾ ਮੁੱਖ ਮਕਸਦ ਵਿਹਾਰ ਦਾ ਨਿਯੰਤਰਣ ਅਤੇ ਪੂਰਵ ਕਥਨ ਸੀ। ਵਿਵਹਾਰਵਾਦ ਕੀ ਹੈ ਇਸਨੂੰ ਸਪਸ਼ਟ ਕਰਦੇ ਹੋਏ ਵਾਟਸਨ ਕਹਿੰਦਾ ਹੈ, "ਵਿਵਹਾਰਵਾਦ ਅਨੁਸਾਰ ਮਨੋਵਿਗਿਆਨ ਦਾ ਵਿਸ਼ਾ ਹੈ ਮਾਨਵ ਵਿਵਹਾਰ।" ਵਿਵਹਾਰਵਾਦੀ ਚਿੰਤਕਾਂ ਨੇ ਮਨੋਵਿਗਿਆਨ ਨੂੰ ਵਿਹਾਰ ਦੇ ਅਧਿਐਨ ਦਾ ਵਿਗਿਆਨ ਕਿਹਾ ਹੈ ਜਿਸਦਾ ਅਧਿਐਨ ਵਿਧੀ ਪ੍ਰੇਖਣ, ਸੰਬੰਧ, ਪਰੀਖਣ ਅਤੇ ਸ਼ਾਬਦਿਕ ਰਿਪੋਰਟ (verbal report) ਹੈ। ਇਸ ਸਕੂਲ ਵਲੋਂ ਚੇਤਨਾ ਅਨੁਭੂਤੀ ਦਾ ਅਧਿਐਨ ਅਤੇ ਅੰਤਰ ਨਿਰੀਖਣ ਵਿਧੀ ਦੋਵਾਂ ਤੋਂ ਇਨਕਾਰ ਕਰ ਦਿੱਤਾ।

ਵਿਵਹਾਰਵਾਦੀ ਚਿੰਤਕਾਂ ਨੇ ਵਿਵਹਾਰਵਾਦ ਨੂੰ ਪ੍ਰਾਕ੍ਰਿਤਕ ਵਿਗਿਆਨ ਦੀ ਇਕ ਸ਼ਾਖਾ ਦੇ ਰੂਪ ਵਿਚ ਪ੍ਰਯੋਗਿਕ ਵਿਗਿਆਨ ਮੰਨਿਆ। ਵਿਵਹਾਰਵਾਦੀ ਚਿੰਤਕਾਂ ਨੇ ਇਕ ਹੋਰ ਵਿਚਾਰ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਮਨੋਵਿਗਿਆਨ ਦਾ ਵਿਸ਼ਾ ਵਸਤੂ ਵਿਵਹਾਰ ਹੈ ਅਤੇ ਇਨ੍ਹਾਂ ਨੇ ਵਸਤੂ ਨਿਸ਼ਠ ਵਿਧੀ (Objective testing method) ਅਪਣਾਉਣ ਉੱਤੇ ਜ਼ੋਰ ਦਿੱਤਾ। ਇਸ ਸੰਬੰਧੀ ਬ੍ਰਿਜ ਕੁਮਾਰ ਮਿਸ਼ਰ ਦਾ ਵਿਚਾਰ ਹੈ ਕਿ, "ਵਿਵਹਾਰ ਦਾ ਅਧਿਐਨ ਮਨੋ ਵਿਗਿਆਨ ਦੀ ਮੁੱਖ ਵਿਸ਼ਾ ਵਸਤੂ ਹੈ ਕਿਉਂਕਿ ਵਿਵਹਾਰ ਵਿਚ ਘਟਨਾਵਾਂ ਦਾ ਵਿਸ਼ਾ ਪਰਕ ਨਿਰੀਖਣ ਕੀਤਾ ਜਾਂਦਾ ਹੈ। ਵਿਵਹਾਰਵਾਦੀਆਂ ਨੇ ਇਸ ਵਿਸ਼ਾ ਵਸਤੂ ਦਾ ਅਧਿਐਨ ਕਰਨ ਲਈ ਵਸਤੂ ਨਿਸ਼ਠ ਨਿਰੀਖਣ ਵਿਧੀ (objective observation method) ਦੇ ਇਸਤੇਮਾਲ ਉੱਤੇ ਜ਼ੋਰ ਦਿੱਤਾ ਜਿਹੜੀ ਵਸਤੂ ਅਧਾਰਿਤ ਵਿਗਿਆਨ ਦੀ ਪ੍ਰਮੁੱਖ ਵਿਸ਼ੇਸ਼ਤਾ ਹੁੰਦੀ ਹੈ"।

ਵਿਵਹਾਰਵਾਦ ਉੱਤੇ ਸਭ ਤੋਂ ਜ਼ਿਆਦਾ ਪ੍ਰਭਾਵ ਪਸ਼ੂ ਮਨੋਵਿਗਿਆਨ ਦਾ ਰਿਹਾ। ਵਿਵਹਾਰਵਾਦੀਆਂ ਨੇ ਆਪਣੇ ਪਰੀਖਣ ਲਈ ਪਸ਼ੂਆਂ ਦਾ ਇਸਤੇਮਾਲ ਕੀਤਾ। ਬ੍ਰਿਜ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ, "ਵਿਵਹਾਰਵਾਦੀਆਂ ਦੀ ਦ੍ਰਿਸ਼ਟੀ ਵਿਚ ਮਨੁੱਖ ਅਤੇ ਪਸ਼ੂਆਂ ਵਿਚ ਕੋਈ ਅੰਤਰ ਨਹੀਂ ਹੈ ਬਲਕਿ ਪਸ਼ੂਆਂ ਦਾ ਅਧਿਐਨ ਕਰਕੇ ਮਨੁੱਖਾਂ ਦੀ ਮਨੋਵਿਗਿਆਨਕ ਪ੍ਰਕ੍ਰਿਆਵਾਂ ਅਤੇ ਵਿਵਹਾਰਿਕ ਘਟਨਾਵਾਂ ਦੀ ਭਰਪੂਰ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।" ਵਿਵਹਾਰਵਾਦ ਅਨੁਸਾਰ ਮਾਨਵ ਇਕ ਵਿਕਸਿਤ ਪਸ਼ੂ ਹੈ। ਪਸ਼ੂ ਵਿਵਹਾਰ ਦੇ ਮੁਕਾਬਲੇ ਮਾਨਵ ਵਿਵਹਾਰ ਜ਼ਿਆਦਾ ਵਿਕਸਿਤ ਅਤੇ ਸਾਫ਼ ਹੈ। ਵਾਟਸਨ ਮਨੁੱਖ ਨੂੰ ਮਾਨਵ ਪਸ਼ੂ ਕਹਿੰਦਾ ਹੈ। ਇਸਲਈ ਉਸ ਵਿਚ ਕਿਸੇ ਵੀ ਪ੍ਰਕਾਰ ਦੀ ਆਤਮਾ ਜਾਂ ਚੇਤਨਾ ਦੇ ਅਸਤਿਤਵ ਨੂੰ ਸਵੀਕਾਰ ਨਹੀਂ ਕਰਦਾ। ਮੈਕਡੂਗਲ ਨਾਲ ਵਿਵਾਦ ਵਿਚ ਵਾਟਸਨ 1929 ਵਿਚ ਕਹਿੰਦਾ ਹੈ, "ਚੇਤਨ ਅਵਸੱਥਾ ਨਾ ਕਦੇ ਵੇਖੀ ਗਈ ਹੈ ਨਾ ਕਦੇ ਛੂਈ ਗਈ ਹੈ ਨਾ